Navjot Kaur

# ਰਸ ਸੰਪ੍ਰਦਾਇ / ਸਿਧਾਂਤ

ਰਸ ਸਿਧਾਂਤ ਅਥਵਾ ਸੰਪ੍ਰਦਾਇ ਸੰਬੰਧੀ ਕੋਈ ਚਰਚਾ ਆਰੰਭਣ ਤੋਂ ਪਹਿਲਾਂ ਸਾਹਿਤਕ ਖੇਤਰ ਅੰਦਰ ਰਸ ਸ਼ਬਦ ਦੇ ਵਿਸ਼ੇਸ਼ ਅਰਥ ਤੋਂ ਵਾਕਿਫ ਹੋਣਾ ਜ਼ਰੂਰੀ ਹੈ।

ਸਾਹਿਤ-ਸੰਦਰਭ ਵਿਚ ਰਸ ਤੋਂ ਭਾਵ ਉਸ ਅਨੰਦ ਅਰਥਾਤ ਸੁਆਦ ਤੋਂ ਹੈ ਜਿਸ ਦੀ ਪ੍ਰਤੀਤੀ ਕੋਈ ਸਾਹਿਤ ਰਚਨਾ ਪੜ੍ਹਦਿਆਂ / ਸੁਣਦਿਆਂ / ਵੇਖਦਿਆਂ ਹੁੰਦੀ ਹੈ। ਰਸ ਦੇ ਅਜਿਹੇ ਅਰਥਾਂ ਦਾ ਆਭਾਸ ਸੰਸਕ੍ਰਿਤ ਦੇ ਇਸ ਵਾਕੰਸ਼ - 'ਰਸਯਤੇ ਆਸ੍ਵਾਦਯੇਤ ਅਸੌ ਇਤੀ ਰਸ'- ਵਿਚੋਂ ਸਹਿਜੇ ਹੀ ਹੋ ਜਾਂਦੀ ਹੈ। ਇਸ ਦਾ ਮਤਲਬ ਹੈ ਕਿ ਜਿਸ ਤੋਂ ਕੋਈ ਸਵਾਦ ਪ੍ਰਾਪਤ ਹੋਵੇ ਉਹ ਰਸ ਹੈ।

ਡਾ. ਸੁਖਵਿੰਦਰ ਸਿੰਘ ਅਨੁਸਾਰ,

"ਸਾਹਿਤ ਖੇਤਰ ਅੰਦਰ 'ਰਸ' ਸ਼ਬਦ ਤੋਂ ਭਾਵ ਹਰ ਪ੍ਰਕਾਰ ਦੇ ਸਵਾਦ ਜਾਂ ਅਨੰਦ ਤੋਂ ਨਹੀਂ ਹੈ ਬਲਕਿ ਸਾਹਿਤਕ ਅਨੰਦ ਤੋਂ ਹੈ ਜਿਸ ਦਾ ਆਧਾਰੀ ਸ੍ਰੋਤ ਸਾਹਿਤ ਰਚਨਾ ਹੁੰਦੀ ਹੈ।"

(ਸਾਹਿਤ ਵਿਧਾਨ, ਪੰਨਾ ਨੰ. 68)

ਰਸ ਸਿਧਾਂਤ ਜਾਂ ਸੰਪ੍ਰਦਾਇ ਦਾ ਆਰੰਭ ਭਰਤਮੁਨੀ ਦੇ ਪ੍ਰਸਿੱਧ ਗ੍ਰੰਥ 'ਨਾਟਯ ਸ਼ਾਸਤਰ' ਤੋਂ ਹੋਇਆ ਮੰਨਿਆ ਜਾਂਦਾ ਹੈ। ਇਸ ਗ੍ਰੰਥ ਰਾਹੀਂ 'ਕਾਵਿ ਰਸ' ਪਹਿਲੀ ਵਾਰ ਭਰਪੂਰ ਰੂਪ ਵਿਚ ਚਰਚਾ ਦਾ ਵਿਸ਼ਾ ਬਣਿਆ। ਰਸ ਇਕ ਆਤਮਕ ਅਨੰਦ ਹੈ, ਜੋ ਕਵੀ ਆਪਣੇ ਸਰੋਤਿਆਂ ਜਾਂ ਪਾਠਕਾਂ ਨਾਲ ਸਾਂਝਾ ਕਰਦਾ ਹੈ। ਇਹ ਅਨੰਦ ਕਈ ਤਰ੍ਹਾਂ ਦਾ ਹੋ ਸਕਦਾ ਹੈ, ਜਿਵੇਂ ਪ੍ਰੇਮ ਮਈ, ਕਰੁਣਾ ਮਈ, ਬੀਰ- ਮਈ, ਵਿਸਮਿਕ-ਮਈ ਅਤੇ ਹਾਸੇ ਭਰਿਆ ਆਦਿ।

## ਅਚਾਰਿਆ ਵਿਸ਼ਵਨਾਥ ਅਨੁਸਾਰ,

"ਜਿਵੇਂ ਦੁੱਧ ਨੂੰ ਜਾਗ ਲਾ ਕੇ ਦਹੀਂ ਬਣਾ ਲਿਆ ਜਾਂਦਾ ਹੈ, ਉਸੇ ਤਰ੍ਹਾਂ ਸਾਡੇ ਦਿਲਾਂ ਦੇ ਸੁੱਤੇ ਮਨੋਭਾਵਾਂ ਨੂੰ ਸਾਹਿਤਕ ਜਾਗ ਲਗਾਕੇ 'ਰਸ' ਦੀ ਸ਼ਕਲ ਵਿਚ ਰੁਪਾਂਤਰ ਕਰ ਦਿੱਤਾ ਜਾਂਦਾ ਹੈ। ਰੁਪਾਂਤਰ ਹੋਇਆ ਇਹ ਭਾਵ ਹੀ ਰਸ ਹੈ।"

(ਸਾਹਿਤ ਦੇ ਰੂਪ, ਡਾ. ਸੁਖਵੀਰ ਕੌਰ, ਪੰਨਾ ਨੰ.੨੪੯)

ਭਾਰਤੀ ਕਾਵਿ ਵਿਚ ਰਸ ਦੀ ਧਾਰਣਾ ਬੜੀ ਪ੍ਰਾਚੀਨ ਅਤੇ ਦੀਰਘ ਕਾਲੀਨ ਹੈ ਇਸ ਤੋਂ ਬਿਨਾਂ ਕਾਵਿ ਦੀ ਕਲਪਨਾ ਕਰ ਸਕਣਾ ਵੀ ਸੰਭਵ ਨਹੀਂ। ਰਸ ਨੂੰ ਕਾਵਿ ਦਾ ਪ੍ਰਾਣ ਤੱਤ ਜਾਂ ਆਤਮਾ ਮੰਨਿਆ ਗਿਆ ਹੈ। ਕਾਵਿ ਵਿਚ ਰਸ ਦੀ ਸਿਰੋਮਣੀ ਸਥਿਤੀ ਨੂੰ ਪ੍ਰਗਟ ਕਰਦਾ ਹੋਇਆ 'ਰੁਦਰ ਭੱਟ' ਲਿਖਦਾ ਹੈ,

"ਜਿਵੇਂ ਚੰਦਰਮਾ ਤੋਂ ਬਿਨਾਂ ਰਾਤ, ਪਤੀ ਤੋਂ ਬਿਨਾਂ ਨਾਰੀ ਅਤੇ ਦਾਨ ਤੋਂ ਬਿਨਾਂ ਲੱਛਮੀ ਸ਼ੋਭਾ ਨਹੀਂ ਦਿੰਦੀ ਤਿਵੇਂ ਰਸ ਤੋਂ ਬਿਨਾਂ ਕਵਿਤਾ ਵੀ ਸ਼ੋਭਾ ਨਹੀਂ ਦਿੰਦੀ।"

ਸੰਸਕ੍ਰਿਤ ਵਿਆਕਰਣ ਅਨੁਸਾਰ 'ਰਸ' ਸ਼ਬਦ ਦੀਆਂ ਕਈ ਵਿਉਤਪਤੀਆਂ ਹਨ। ਇਕ ਵਿਉਤਪਤੀ ਅਨੁਸਾਰ- ਜਿਸ ਦਾ ਸੁਆਦ ਲਿਆ ਜਾਵੇ ਉਹੀ ਰਸ ਹੁੰਦਾ ਹੈ। ਦੂਜੀ ਵਿਉਤਪਤੀ ਅਨੁਸਾਰ - ਜੋ ਵਹੇ, ਉਹੀ ਰਸ ਹੈ। ਇਸ ਤਰ੍ਹਾਂ ਰਸ ਦੀਆਂ ਮੁੱਖ ਤੌਰ ਤੇ ਦੋ ਹੀ ਵਿਉਤਪਤੀਆਂ ਹਨ- ਇਕ ਅਨੁਸਾਰ ਇਸਦਾ ਅਰਥ ਸੁਆਦ ਹੈ ਅਤੇ ਦੂਜੀ ਅਨੁਸਾਰ ਵਹਿਣਸ਼ੀਲਤਾ।

# ਰਸ ਦਾ ਸਰੂਪ

ਆਚਾਰੀਆ ਭਰਤਮੁਨੀ ਨੇ ਕਾਵਿਗਤ ਜਾਂ ਕਲਾਗਤ ਤੱਤ ਮੰਨ ਕੇ ਰਸ ਨੂੰ ਸੁਆਦੀ ਪਦਾਰਥ ਕਿਹਾ ਹੈ ਜੋ ਬਾਅਦ ਵਿਚ ਸੁਆਦ ਦੀ ਅਨੁਭੂਤੀ ਦਾ ਵਾਚਕ ਬਣਿਆ। ਆਚਾਰੀਆ ਭਰਤਮੁਨੀ ਨੇ ਇਸ ਦੀ ਪਰਿਭਾਸ਼ਾ ਇਸ ਪ੍ਰਕਾਰ ਦਿੱਤੀ ਹੈ:-

"ਵਿਭਾਵ ਅਨੁਭਾਵ ਵਯਭਿਚਾਰਿ ਸੰਯੋਗਾਦਰਸ ਨਿਸ਼ਪੱਤਿ।"

ਅਰਥਾਤ ਵਿਭਾਵ, ਅਨੁਭਵ ਅਤੇ ਵਿਭਚਾਰੀ (ਸੰਚਾਰੀ) ਭਾਵ ਦੇ ਸੰਯੋਗ ਨਾਲ ਰਸ ਦੀ ਨਿਸ਼ਪੱਤੀ ਹੁੰਦੀ ਹੈ। ਭਰਤਮੁਨੀ ਨੇ ਲਿਖਿਆ ਹੈ ਕਿ ਰਸ ਸੁਆਦਯੋਗ ਹੈ ਅਤੇ ਸੁਆਦ ਦਾ ਆਉਣਾ ਹੀ ਰਸ ਹੈ। ਜਿਵੇਂ: ਰਸਿਕ ਲੋਕ ਤਰ੍ਹਾਂ ਤਰ੍ਹਾਂ ਦੇ ਅੰਨ ਪਦਾਰਥਾਂ ਨੂੰ ਖਾਉਂਦੇ ਹੋਏ ਰਸਾਂ ਦਾ ਆਨੰਦ ਲੈਂਦੇ ਹਨ, ਇਸੇ ਤਰ੍ਹਾਂ ਦਰਸ਼ਕ ਤੇ ਸਰੋਤੇ ਤਰ੍ਹਾਂ-ਤਰ੍ਹਾਂ ਦੇ ਭਾਵਾਂ ਦੇ ਅਭਿਨੈ ਤੋਂ ਪ੍ਰਗਟਾਏ ਤੱਥ, ਬਾਣੀ ਅੰਗ ਤੇ ਸਤੋਗੁਣ ਨਾਲ ਮਿਲੇ ਹੋਏ ਸਥਾਈ ਭਾਵਾਂ ਦਾ, ਸੁਆਦ ਪ੍ਰਾਪਤ ਕਰਦੇ ਹਨ ਇਸ ਲਈ ਇਹ ਨਾਟਯ ਰਸ ਹਨ।

(ਨਾਟਯ - ਸ਼ਾਸਤਰ)

ਭਰਤਮੁਨੀ ਤੋਂ ਬਾਅਦ ਭਾਰਤੀ ਆਚਾਰਜਾਂ ਨੇ ਰਸ ਦੇ ਸਰੂਪ ਦੇ ਵਿਸ਼ਲੇਸ਼ਣ ਵਿਚ ਇਤਨੀ ਰੁਚੀ ਨਹੀਂ ਵਿਖਾਈ ਜਿੰਨੀ ਰਸ ਦੀ ਨਿਸ਼ਪੱਤੀ ਅਤੇ ਰਸ ਦੇ ਭੇਦਾਂ ਤੇ ਅੰਗਾਂ ਦਾ ਵਰਣਨ ਕਰਨ ਵਿਚ ਵਿਖਾਈ ਹੈ। 'ਮੰਮਟ' ਅਨੁਸਾਰ ਰਸ ਦਾ ਲੱਛਣ ਜਾਂ ਸਰੂਪ ਇਸ ਪ੍ਰਕਾਰ ਹੈ -

"ਲੌਕਿਕ ਵਿਵਹਾਰ ਵਿਚ ਰੀਤ ਆਦਿ ਚਿੱਤਵ੍ਰਿਤੀ ਵਿਸ਼ੇਸ਼ ਦੇ ਜੋ ਕਾਰਣ, ਕਾਰਜ ਅਤੇ ਸਹਕਾਰੀ ਕਾਰਣ ਹੁੰਦੇ ਹਨ, ਉਹੀ ਕਾਵਿ ਅਤੇ ਨਾਟਕ ਵਿਚ ਵਰਣਿਤ ਹੋ ਕੇ ਰੀਤ ਆਦਿ ਸਥਾਈ ਭਾਵਾਂ ਦੇ ਵਿਭਾਵ, ਅਨੁਭਾਵ ਅਤੇ ਵਿਭਚਾਰੀ ਭਾਵ ਕਹੇ ਜਾਂਦੇ ਹਨ ਅਤੇ ਉਨ੍ਹਾਂ ਵਿਭਾਵਾਂ ਰਾਹੀਂ ਸਥਾਈ ਭਾਵ ਰਸ ਕਿਹਾ ਜਾਂਦਾ ਹੈ।"

# ਰਸ ਦੇ ਅੰਗ

ਆਚਾਰੀਆ ਭਰਤਮੁਨੀ ਦੇ ਰਸ ਸੂਤ੍ਰ ਵਿਚ ਵਿਭਾਵ, ਅਨੁਭਾਵ ਅਤੇ ਵਿਭਚਾਰੀ ਭਾਵਾਂ ਦੇ ਸੰਜੋਗ ਨਾਲ ਰਸ ਦੀ ਨਿਸ਼ਪੱਤੀ ਮੰਨੀ ਗਈ ਹੈ ਇਨ੍ਹਾਂ ਤਿੰਨਾਂ ਦਾ ਸੰਜੋਗ ਪ੍ਰਾਪਤ ਕਰ ਕੇ ਸਹਿਰਦ ਵਿਅਕਤੀ ਦਾ ਸਥਾਈ ਭਾਵ ਰਸ ਰੂਪ ਵਿਚ ਬਦਲ ਜਾਂਦਾ ਹੈ ਇਸ ਲਈ ਰਸ ਦੀ ਅਭਿਵਿਅਕਤੀ ਦੇ ਚਾਰ ਸਾਧਨ ਹਨ- ਵਿਭਾਵ, ਅਨੁਭਾਵ, ਵਿਭਚਾਰੀ ਭਾਵ ਅਤੇ ਸਥਾਈ ਭਾਵ, ਇਹ ਰਸ ਦੇ ਅੰਗ ਮੰਨੇ ਜਾਂਦੇ ਹਨ ਇਹ ਅਸਲੋਂ 'ਭਾਵ' ਦੇ ਹੀ ਵੱਖ ਵੱਖ ਰੂਪ ਹਨ ਅਤੇ ਇਹ 'ਭਾਵ' ਹੀ ਰਸ ਦਾ ਉਦਗਮ ਸ੍ਰੋਤ ਹੈ।

**ਭਾਵ:** ਭਰਤਮੁਨੀ ਅਨੁਸਾਰ 'ਮਨ ਦੇ ਵਿਕਾਰ' ਨੂੰ ਭਾਵ ਕਿਹਾ ਜਾਂਦਾ ਹੈ। ਭਾਵ ਸੰਸਕ੍ਰਿਤ ਦੀ 'ਭੂ' ਧਾਤੂ ਤੋਂ 'ਕਰਣ' ਅਰਥ ਵਿਚ ਹੋਇਆ ਹੈ। ਕਾਵਿ ਸਾਮਗਰੀ ਦ੍ਰਿਸ਼ਟੀ ਤੋਂ ਭਰਤਮੁਨੀ ਨੇ 'ਭਾਵਿਤ' ਕਰਨ ਵਾਲੇ ਨੂੰ ਭਾਵ ਮੰਨਿਆ ਹੈ, ਵਿਆਪਕ ਅਰਥ ਵਿਚ ਇਹ ਮਨ ਦੇ ਵਿਕਾਰ ਦਾ ਸੂਚਕ ਹੈ ਅਤੇ ਸੰਕੁਚਿਤ ਅਰਥ ਵਿਚ ਅਪੂਰਣ ਜਾਂ ਅਸਪਸ਼ਟ ਰਸ ਦਾ ਵਾਚਕ ਹੈ। ਭਾਵ ਦੀ ਪਰਿਪਕ ਅਵਸਥਾ ਹੀ ਰਸ ਹੈ।

'ਪੰਡਿਤ ਬਲਦੇਵ ਉਪਾਧਿਆਇ' ਅਨੁਸਾਰ ਸਹਿਰਦ ਵਿਅਕਤੀਆਂ ਜਾਂ ਸਮਾਜਿਕ ਦੇ ਹਿਰਦੇ ਵਿਚ 'ਭਾਵਾਂ' ਦਾ ਸਦਾ ਨਿਵਾਸ ਰਹਿੰਦਾ ਹੈ ਅਜਕਲ੍ਹ ਦੇ ਮਨੋਵਿਗਿਆਨ ਦੀ ਭਾਸ਼ਾ ਵਿਚ ਅਸੀਂ ਕਹਿ ਸਕਦੇ ਹਾਂ ਕਿ ਇਹ ਭਾਵ ਸਾਡੇ ਮਾਨਸ ਦੇ ਅਰਧ ਚੇਤਨ ਜਾਂ ਅਵਚੇਤਨ ਭਾਗ ਵਿਚ ਛਿਪੇ ਰਹਿੰਦੇ ਹਨ।

............ ਅਸੀਂ ਨਿੱਤ ਦੇ ਜੀਵਨ ਵਿਚ ਅਨੇਕ ਪ੍ਰਕਾਰ ਦੇ ਭਾਵਾਂ ਦਾ ਅਨੁਭਵ ਕਰਦੇ ਹਾਂ ਇਹ ਅਨੁਭਵ ਚਿਰਜੀਵੀ ਤਾਂ ਨਹੀਂ ਹੁੰਦੇ ਇਹ ਕੁਝ ਚਿਰਾਂ ਤਕ ਸਾਡੇ ਚੇਤਨ ਮਨ ਵਿਚ ਨਿਵਾਸ ਕਰਦੇ ਹਨ ਅਤੇ ਫਿਰ ਪਿਛੋਂ ਅਵਚੇਤਨ ਮਨ ਵਿਚ ਜਾ ਕੇ ਘਰ ਜਾਂਦੇ ਹਨ!......... ਜਦ ਅਸੀਂ ਕਾਵਿ ਵਿਚ ਇਨ੍ਹਾਂ ਹੀ ਭਾਵਾਂ ਦਾ ਵਰਣਨ ਪੜ੍ਹਦੇ ਹਾਂ ਜਾਂ ਨਾਟਕ ਵਿਚ ਇਨ੍ਹਾਂ ਭਾਵਾਂ ਦਾ ਚਿਤ੍ਰਣ

ਵੇਖਦੇ ਹਾਂ ਤਦ ਸਾਡੇ ਅਵਚੇਤਨ ਮਾਨਸ ਵਿਚ ਛਿਪੇ ਭਾਵ ਚੇਤਨ ਮਾਨਸ ਦੀਆਂ ਤਰੰਗਾਂ ਵਿਚ ਹਿਲੋਰੇ ਲੈਣ ਲਗਦੇ ਹਨ ਉਹ ਸੁਤੀ ਅਵਸਥਾ ਤੋਂ ਜਾਗ੍ਰਤ ਦਸ਼ਾ ਵਿਚ ਆਣ ਬਿਰਾਜਦੇ ਹਨ ਇਹ ਬਹੁਤੇ ਚਿਰਾਂ ਤਕ ਟਿਕੇ ਰਹਿਣ ਕਰਕੇ ਸਾਧਾਰਣ ਭਾਵਾਂ ਤੋਂ ਭਿੰਨ ਹੁੰਦੇ ਹਨ। ਸਾਧਾਰਣ ਭਾਵ (ਸੰਚਾਰੀ ਭਾਵ) ਆਉਂਦੇ ਹਨ। ਮਨ ਵਿਚ ਕੁਝ ਛਿਣਾਂ ਤਕ ਰਹਿੰਦੇ ਹਨ ਅਤੇ ਫਿਰ ਅਲੋਪ ਹੋ ਜਾਂਦੇ ਹਨ ਪਰ ਅਵਚੇਤਨ ਮਨ ਵਿਚ ਲੁਕਣ ਵਾਲੇ ਭਾਵ ਬਹੁਤ ਦੇਰ ਤਕ ਰਹਿੰਦੇ ਹਨ ਅਤੇ ਇਸੇ ਕਾਰਣ ਉਨ੍ਹਾਂ ਨੂੰ 'ਸਥਾਈ ਭਾਵ' ਨਾਲ ਜਾਣਿਆ ਜਾਂਦਾ ਹੈ। ਕਾਵਿ ਵਿਚ ਵਰਣਿਤ ਵਿਭਾਵ, ਅਨੁਭਾਵ, ਸੰਚਾਰੀ ਭਾਵ ਰਾਹੀਂ ਪ੍ਰਗਟ ਕੀਤੇ ਜਾਣ ਤੇ ਇਹ ਸਥਾਈ ਭਾਵ ਰਸ ਦੇ ਰੂਪ ਵਿਚ ਵਟ ਜਾਂਦੇ ਹਨ।

ਰਸ ਦੇ ਚਾਰ ਅੰਗ ਹਨ ਅਤੇ ਇਹੀ ਚਾਰ ਪ੍ਰਕਾਰ ਦੇ ਭਾਵ ਹਨ - ਵਿਭਾਵ (ਕਾਰਣ ਭਾਵ), ਅਨੁਭਾਵ (ਬਾਹਰਲੇ ਭਾਵ), ਸੰਚਾਰੀ ਭਾਵ (ਸਧਾਰਣ ਅੰਦਰਲੇ ਭਾਵ) ਅਤੇ ਸਥਾਈ ਭਾਵ (ਪ੍ਰਧਾਨ ਅੰਦਰਲੇ ਭਾਵ)।

ੳ. **ਵਿਭਾਵ:** 'ਵਿਭਾਵ' ਦਾ ਅਰਥ ਹੈ 'ਕਾਰਣ' ਜਾਂ ਹੇਤੂ। ਸਥਾਈ ਭਾਵਾਂ ਨੂੰ ਜਾਗ੍ਰਤ ਅਵਸਥਾ ਵਿਚ ਲਿਆਉਣ ਲਈ ਕਾਰਣ ਦਾ ਰੂਪ ਹੋਣ ਕਰਕੇ ਇਨ੍ਹਾਂ ਨੂੰ 'ਵਿਭਾਵ' ਦਾ ਨਾਂ ਦਿੱਤਾ ਜਾਂਦਾ ਹੈ।

ਪੰਡਿਤ ਰਾਮ ਚੰਦਰ ਸ਼ੁਕਲ ਅਨੁਸਾਰ,

"ਕਵਿਤਾ ਰਚਨਾ ਦੇ ਦੋ ਪੱਖ- ਵਿਭਾਵ ਤੇ ਭਾਵ ਹੁੰਦੇ ਹਨ। ਅਜਿਹੀਆਂ ਵਸਤਾਂ ਦੇ ਚਿਤਰਣ ਨੂੰ ਜੋ ਮਨ ਵਿਚ ਕੋਈ ਭਾਵ ਜਗਾ ਸਕਣ ਦਾ ਕਾਰਨ ਬਣਨ ਜਾਂ ਜਾਗੇ ਹੋਏ ਭਾਵਾਂ ਨੂੰ

ਹੋਰ ਤੀਬਰ ਕਰ ਸਕਣ, ਨੂੰ
ਵਿਭਾਵ ਆਖਿਆ ਜਾਂਦਾ ਹੈ।"
(ਸਾਹਿਤ ਵਿਧਾਨ, ਪੰਨਾ ਨੰ. 71)

'ਸਾਹਿਤਯ ਦਰਪਣ' ਅਨੁਸਾਰ 'ਵਿਭਾਵ ਸਥਾਈ ਭਾਵਾਂ ਦਾ ਸੰਚੇਤਕ ਜਾਂ ਉਦੀਪਨ ਹੈ।' ਇਸ ਦੇ ਦੋ ਭੇਦ ਹਨ- ਆਲੰਬਨ ਵਿਭਾਵ ਅਤੇ ਉਦੀਪਨ ਵਿਭਾਵ।

I **ਆਲੰਬਨ ਵਿਭਾਵ:** ਇਸ ਦਾ ਸ਼ਾਬਦਿਕ ਅਰਥ ਹੈ ਆਸਰਾ ਅਥਵਾ ਸਹਾਰਾ। ਇਸ ਤਰ੍ਹਾਂ ਆਲੰਬਨ ਵਿਭਾਵ ਉਨ੍ਹਾਂ ਨੂੰ ਕਿਹਾ ਜਾਂਦਾ ਹੈ ਜਿਨ੍ਹਾਂ ਦੇ ਸਹਾਰੇ ਜਾਂ ਆਸਰੇ ਕਿਸੇ ਦੇ ਮਨ ਵਿਚ ਕੋਈ ਭਾਵ ਪੈਦਾ ਹੁੰਦੇ ਹਨ। ਜਾਂ ਦੂਸਰੇ ਸ਼ਬਦਾਂ ਵਿਚ ਜਦੋਂ ਦੋ ਵਿਅਕਤੀ ਆਪਸ ਵਿਚ ਮਿਲਦੇ ਹਨ ਤਾਂ ਉਨ੍ਹਾਂ ਦਾ ਜੋ ਇਕ ਦਮ ਪ੍ਰਭਾਵ ਪੈਂਦਾ ਹੈ ਉਹ ਆਲੰਬਨ ਦੀ ਸ਼੍ਰੇਣੀ ਹੁੰਦੀ ਹੈ।

**ਉਦਾਹਰਨ:** ਰਾਂਝੇ ਦੇ ਮਨ ਵਿਚ ਪ੍ਰੇਮ ਦੇ ਸਥਾਈ ਭਾਵ ਦਾ ਉਦੈ ਹੀਰ ਦੇ ਸਹਾਰੇ ਹੁੰਦਾ ਹੈ। ਇਸ ਤਰ੍ਹਾਂ ਹੀਰ ਆਲੰਬਨ ਵਿਭਾਵ ਹੈ।

II **ਉੱਦੀਪਨ ਵਿਭਾਵ:** ਆਲੰਬਨ ਰਾਹੀਂ ਉਪਜੇ ਹੋਏ ਭਾਵਾਂ ਨੂੰ ਹੋਰ ਭੜਕਾਉਣ ਅਥਵਾ ਤੇਜ਼ ਕਰਨ ਵਾਲੇ ਵਿਭਾਵ ਨੂੰ ਉੱਦੀਪਨ ਵਿਭਾਵ ਕਿਹਾ ਜਾਂਦਾ ਹੈ। ਇਸ ਤਰ੍ਹਾਂ ਆਲੰਬਨ ਵਿਭਾਵ ਦੁਆਰਾ ਫੁਟੇ ਸਥਾਈ ਭਾਵ ਨੂੰ ਸੁਚੇਤ ਜਾਂ ਜਾਗ੍ਰਿਤ ਕਰਕੇ ਰਸ ਦਸ਼ਾ ਵਿਚ ਪਹੁੰਚਾਣ ਵਾਲਾ ਸਾਧਨ ਉੱਦੀਪਨ ਹੈ।

**ਉਦਾਹਰਨ:** ਨਾਇਕ ਤੇ ਨਾਇਕਾ ਦਾ ਚਾਂਦਨੀ ਰਾਤ ਵੇਲੇ ਕਿਸੇ ਏਕਾਂਤ ਥਾਂ ਤੇ ਜਾਂ ਨਦੀ ਦੇ ਕਿਨਾਰੇ ਮਿਲਣਾ, ਮੰਦ-ਮੰਦ ਹਵਾ ਦਾ ਚਲਣਾ ਜਾਂ ਬਸੰਤ ਜਾਂ ਬਰਖਾ ਰੁਤ ਵਿਚ ਕਿਸੇ ਬਾਗ ਵਿਚ ਇਕੱਠੇ ਹੋਣ ਆਦਿ। ਇਥੇ ਚੌਗਿਰਦੇ ਦਾ ਵਾਤਾਵਰਣ ਉਦੀਪਨ ਵਿਭਾਵ ਹੈ।

੭ **ਅਨੁਭਾਵ:** ਅਨੁਭਾਵ ਤੋਂ ਅਰਥ ਹੈ ਭਾਵ ਤੋਂ ਪਿਛੋਂ ਪੈਦਾ ਹੋਣ ਵਾਲਾ। ਕਿਉਂਕਿ ਇਹ ਵਿਭਾਵ ਤੋਂ ਪੈਦਾ ਹੁੰਦੇ ਹਨ ਇਸ ਲਈ ਇਨ੍ਹਾਂ ਨੂੰ ਅਨੁਭਾਵ ਕਿਹਾ ਜਾਂਦਾ ਹੈ। ਇਸ ਤਰ੍ਹਾਂ ਸਥਾਈ ਭਾਵਾਂ ਦੇ ਪੈਦਾ ਹੋਣ ਪਿਛੋਂ ਜੋ ਕਾਰਜ ਕਿਸੇ ਸਰੀਰਕ ਹਰਕਤ ਰਾਹੀਂ ਜਾਂ ਖਾਮੋਸ਼ ਰੂਪ ਵਿਚ ਜੋ ਇਨ੍ਹਾਂ ਦਾ ਬਾਹਰੀ ਪ੍ਰਗਟਾਵਾ ਕਰਦਾ ਹੈ, ਨੂੰ ਅਨੁਭਾਵ ਕਿਹਾ ਜਾਂਦਾ ਹੈ, ਪਰ ਰਤਿ ਭਾਵ ਦੇ ਵਿਕਾਸ ਨਾਲ ਇਹ ਸਥਿਤੀ ਬਦਲਦੀ ਰਹਿੰਦੀ ਹੈ, ਆਲੰਬਨ ਆਸ਼੍ਰਜ ਅਤੇ ਆਸ਼੍ਰਜ ਆਲੰਬਨ ਬਣ ਜਾਂਦਾ ਹੈ। ਅਨੁਭਾਵਾਂ ਦੇ ਭਰਤਮੁਨੀ ਅਨੁਸਾਰ ਤਿੰਨ ਭੇਦ ਹਨ- ਆਂਗਿਕ, ਵਾਚਿਕ ਅਤੇ ਸਾਤਵਿਕ। ਭਾਨੁ ਦੱਤ ਨੇ ਇਨ੍ਹਾਂ ਤਿੰਨਾਂ ਵਿਚ ਆਹਾਰਜ ਭੇਦ ਦਾ ਵਾਧਾ ਕਰਕੇ ਚਾਰ ਬਣਾ ਦਿੱਤੇ ਹਨ।

੧. **ਆਂਗਿਕ:** ਇਹ ਉਹ ਅਨੁਭਾਵ ਹਨ ਜਿਨ੍ਹਾਂ ਦਾ ਸੰਬੰਧ ਸਰੀਰ ਅਤੇ ਉਸ ਦੇ ਅੰਗਾਂ ਨਾਲ ਹੈ ਇਨ੍ਹਾਂ ਨੂੰ ਸਰੀਰ ਨਾਲ ਸੰਬੰਧਿਤ ਸਚੇਤ ਚੇਸ਼ਟਾਵਾਂ ਵੀ ਕਿਹਾ ਜਾ ਸਕਦਾ ਹੈ ਇਹ ਉਦੋਂ ਹੁੰਦੇ ਹਨ ਜਦੋਂ ਆਸ਼੍ਰਜ (ਨਾਇਕ) ਰਾਹੀਂ ਆਲੰਬਨ (ਨਾਇਕਾ) ਨੂੰ ਪ੍ਰਭਾਵਿਤ ਕਰਨ ਲਈ ਜਾਂ ਉਸ ਤੋਂ ਪ੍ਰਭਾਵਿਤ ਹੋਣ ਤੇ ਬਾਦ ਸਚੇਤ ਤੌਰ ਤੇ ਜਾਣ ਬੁੱਝ ਕੇ ਚੇਸ਼ਟਾਵਾਂ ਕੀਤੀਆਂ ਜਾਂਦੀਆਂ ਹਨ।

੨. **ਵਾਚਿਕ:** ਬੋਲਾਂ ਰਾਹੀਂ ਨਾਇਕ ਦਾ ਨਾਇਕਾ ਨੂੰ ਪ੍ਰਭਾਵਿਤ ਕਰਨਾ ਵਾਚਿਕ ਅਨੁਭਾਵ ਅਖਵਾਉਂਦਾ ਹੈ।

3. **ਸਾਤਵਿਕ:** ਆਪਣੇ ਆਪ ਸੁਭਾਵਿਕ ਤੌਰ ਤੇ ਹੋਣ ਵਾਲੀਆਂ ਚੇਸ਼ਟਾਵਾਂ, ਵਿਕਾਰਾਂ, ਸਰੀਰਕ ਹਰਕਤਾਂ ਨੂੰ ਸਾਤਵਿਕ ਅਨੁਭਵ ਕਿਹਾ ਜਾਂਦਾ ਹੈ। ਜਿਵੇਂ: ਗੁੱਸੇ ਵਿਚ ਚਿਹਰੇ ਤੇ ਅੱਖਾਂ ਦਾ ਲਾਲ ਹੋ ਜਾਣਾ, ਡਰ ਨਾਲ ਚਿਹਰੇ ਦਾ ਰੰਗ ਉੱਡ ਜਾਣਾ ਆਦਿ।

4. **ਆਹਾਰਜ:** ਅਭਿਨਯ ਵੇਲੇ ਬਨਾਵਟੀ ਭੇਸ ਬਦਲਣਾ, ਵਾਲ ਸਜਾਉਣੇ, ਬਸਤ੍ਰ ਧਾਰਨ ਕਰਨੇ ਆਦਿ ਆਹਾਰਜ ਅਨੁਭਾਵ ਹਨ।

ਵਿਭਚਾਰੀ ਭਾਵ

3. **ਸੰਚਾਰੀ ਭਾਵ:** ਇਸ ਨੂੰ 'ਵਿਭਚਾਰੀ' ਭਾਵ ਵੀ ਕਿਹਾ ਜਾਂਦਾ ਹੈ। "ਸੰਚਾਰੀ ਦਾ ਅਰਥ ਹੈ ਘੁੰਮਣ ਫਿਰਨ ਵਾਲਾ, ਜੋ ਇਕ ਥਾਂ ਟਿਕ ਕੇ ਨ ਰਹਿ ਸਕੇ। 'ਵਿਭਚਾਰੀ' ਦਾ ਅਰਥ ਹੈ ਸਥਿਰ ਨ ਰਹਿਣ ਵਾਲਾ। ਇਸ ਕਰਕੇ ਸੰਚਾਰੀ ਭਾਵ ਥੋੜ ਚਿਰੇ ਤੇ ਛਿਣ ਭੰਗਰੇ ਹੁੰਦੇ ਹਨ। ਕੁਝ ਸਮਿਆਂ ਅਥਵਾ ਪਲਾਂ ਲਈ ਉਠਦੇ ਤੇ ਮੁੜ ਲੋਪ/ਖ਼ਤਮ ਹੋ ਜਾਂਦੇ ਹਨ। ਭਰਤਮੁਨੀ ਨੇ ਸੰਚਾਰੀ ਭਾਵਾਂ ਦੀ ਸੰਖਿਆ ਤੇਤੀ ਦੱਸੀ ਹੈ।

ਸੰਚਾਰੀ ਭਾਵ, ਸਥਾਈ ਭਾਵਾਂ ਨਾਲ ਉਠਣ ਵਾਲੇ ਵਕਤੀ ਮਨੋਭਾਵ ਹੁੰਦੇ ਹਨ ਜੋ ਬਹੁਤ ਥੋੜ੍ਹੇ ਸਮੇਂ ਲਈ ਜ਼ਾਹਿਰ ਹੁੰਦੇ ਹਨ। ਆਚਾਰੀਆ ਮੰਮਟ ਆਖਦਾ ਹੈ ਕਿ ਸੰਚਾਰੀ ਭਾਵ, ਸਥਾਈ ਭਾਵਾਂ ਨੂੰ ਬਲਵਾਨ ਬਣਾਉਣ ਤੇ ਨਿਖਾਰਨ ਵਿਚ ਸਹਿਯੋਗੀ ਭੂਮਿਕਾ ਨਿਭਾਉਂਦੇ ਹਨ। ਮਿਸਾਲ ਵਜੋਂ ਕਿਸੇ ਵਿਅਕਤੀ ਵਿਚ ਕ੍ਰੋਧ ਦੇ ਸਥਾਈ ਭਾਵ ਪੈਦਾ ਹੋਣ ਦੇ ਨਾਲ ਚਿਹਰੇ ਤੇ ਅੱਖਾਂ ਦਾ ਲਾਲ ਹੋਣਾ।

4. **ਸਥਾਈ ਭਾਵ:** ਸਥਾਈ ਭਾਵ ਉਸ ਨੂੰ ਕਿਹਾ ਜਾਂਦਾ ਹੈ ਜੋ ਅਭਿਵਿਅਕਤ ਹੋ ਕੇ ਅੰਤ ਵਿਚ ਰਸ ਰੂਪ ਵਿਚ ਰੂਪਾਂਤਰਿਤ ਹੋ ਜਾਂਦਾ ਹੈ ਅਤੇ ਅੰਤਹਕਰਣ ਵਿਚ ਸਦਾ ਮੌਜੂਦ ਰਹਿੰਦਾ ਹੈ। ਇਹ ਵਿਰੋਧੀ ਜਾਂ ਅਵਿਰੋਧੀ ਭਾਵ ਦੁਆਰਾ ਦਬਾਇਆ ਜਾਂ ਲੁਕਾਇਆ ਨਹੀਂ ਜਾ ਸਕਦਾ। ਡਾ. ਰਾਜਵੰਸ਼ ਸਹਾਇ ਹੀਰਾ ਦੇ ਸ਼ਬਦਾਂ ਵਿਚ "ਰਸ ਦੇ ਮੂਲ ਭਾਵ ਨੂੰ ਸਥਾਈ ਭਾਵ ਕਹਿੰਦੇ ਹਨ ਇਹ ਸਹਿਰਦ ਦੇ ਹਿਰਦੇ ਵਿਚ ਵਾਸਨਾ ਰੂਪ ਵਿਚ ਸਥਿਤ ਰਹਿੰਦਾ ਹੈ ਅਤੇ ਵਿਰੋਧੀ ਤੇ ਅਵਿਰੋਧੀ ਭਾਵਾਂ ਦੁਆਰਾ ਨਾ ਤਾਂ ਛੁਪਾਇਆ ਜਾਂਦਾ ਹੈ ਅਤੇ ਨ ਦਬਾਇਆ ਜਾਂਦਾ ਹੈ। ਇਹ ਰਸ ਦੇ ਮੁੱਢ ਤੋਂ ਅੰਤ ਤਕ ਵਿਦਮਾਨ ਰਹਿੰਦਾ ਹੈ। ਇਹ ਚਿੱਤ ਦਾ ਸਥਿਰ ਮਨੋਵਿਕਾਰ ਹੈ ਜੋ ਵਿਰੋਧੀ ਅਥਵਾ ਅਵਿਰੋਧੀ, ਪ੍ਰਤਿਕੂਲ ਜਾਂ ਅਨੁਕੂਲ ਦੋਹਾਂ ਤਰ੍ਹਾਂ ਦੀਆਂ ਸਥਿਤੀਆਂ ਵਿਚ ਨਿਰੰਤਰ ਬਿਰਾਜਮਾਨ ਰਹਿੰਦਾ ਹੈ।"

ਸਮੁੱਚੇ ਤੌਰ ਤੇ ਸਥਾਈ ਭਾਵ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ:- "ਜੋ ਮੂਲ ਭਾਵ ਹੋਰਨਾਂ ਭਾਵਾਂ ਨੂੰ ਆਪਣੇ ਵਿਚ ਵਿਲੀਨ ਕਰ ਲੈਂਦੇ ਹਨ ਜਿਨ੍ਹਾਂ ਦੀ ਅਵਿਰੋਧੀ ਜਾਂ ਵਿਰੋਧੀ ਭਾਵਾਂ ਨਾਲ ਪ੍ਰਭੁਤਾ ਨਹੀਂ ਘਟਦੀ ਅਤੇ ਜੋ ਰਸ ਦੇ ਸੁਆਦ ਤਕ ਭਾਸਦੇ ਹੋਏ ਆਪਣੇ ਆਪ ਰਸ ਰੂਪ ਵਿਚ ਰੂਪਾਂਤਰਿਤ ਹੋ ਜਾਂਦੇ ਹਨ, ਉਨਾਂ ਨੂੰ ਸਥਾਈ ਭਾਵ ਕਿਹਾ ਜਾਂਦਾ ਹੈ"

ਸਥਾਈ ਭਾਵ ਦੇ ਖਾਸੀਅਤਾਂ ਉਤੇ ਪ੍ਰਭੁਤਾ ਸਾਬਤ ਕਰਦੇ ਹੋਇਆ 'ਡਾ. ਰਘੂਵੰਸ਼' ਨੇ ਨਾਟਯ ਸ਼ਾਸਤ੍ਰ ਦੇ ਅਧਾਰ ਤੇ ਦਸਿਆ ਹੈ ਕਿ ਬਹੁਤ ਸਾਰੇ ਆਸ਼੍ਰਿਤਾਂ ਕਰਕੇ ਸਥਾਈ ਭਾਵ ਸੁਆਮੀਆਂ ਵਾਂਗ ਹੁੰਦੇ ਹਨ ਇਸ ਤਰ੍ਹਾਂ ਸਥਾਨਿਕ ਪੁਰਸ਼ਾਂ ਦੇ ਗੁਣ ਰੂਪ ਵਿਚ ਹੋਰ ਭਾਵ ਸਥਾਈ ਭਾਵਾਂ ਦਾ ਆਸਰਾ ਲੈਂਦੇ ਹਨ ਅਤੇ ਸਥਾਈ ਭਾਵ ਰਸ ਰੂਪ ਵਿਚ ਅਭਿਵਿਅਕਤ ਹੁੰਦੇ ਹਨ ਸਥਾਈ ਭਾਵ ਹੀ ਰਸ ਦਸ਼ਾ ਨੂੰ ਪ੍ਰਾਪਤ ਹੁੰਦੇ ਹਨ।

ਭਰਤਮੁਨੀ ਨੇ ਸਥਾਈ ਭਾਵਾਂ ਦੀ ਗਿਣਤੀ ਅੱਠ ਮੰਨੀ ਹੈ - ਰਤਿ, ਹਾਸ, ਸ਼ੋਕ, ਕਰੋਧ, ਉਤਸਾਹ, ਭੈ, ਜੁਗੁਪਸਾ ਤੇ ਵਿਸਮੈ ਪਰ ਇਨ੍ਹਾਂ ਅੱਠਾਂ ਤੋਂ ਬਾਅਦ 'ਨਾਟਯ ਸ਼ਾਸਤ੍ਰ' ਵਿਚ ਨਿਰਵੇਦ ਅਤੇ ਵਾਤਸਲਯ ਨੂੰ ਵੀ ਸਥਾਈ ਭਾਵਾਂ ਵਿਚ ਮੰਨ ਲਿਆ ਗਿਆ ਹੈ ਇਸ ਤਰ੍ਹਾਂ ਇਨਾਂ ਦੀ ਗਿਣਤੀ 10 ਹੋ ਗਈ ਹੈ, ਜੋ ਇਸ ਪ੍ਰਕਾਰ ਹਨ:-

I **ਰਤਿ:** 'ਰਤਿ' ਦਾ ਅਰਥ ਹੈ ਪ੍ਰੇਮ ਜਾਂ ਅਨੁਰਾਗ। ਇਸ ਤਰ੍ਹਾਂ ਪੁਰਸ਼ ਦਾ ਪਰਸਪਰ ਪ੍ਰੇਮ ਜਾਂ ਅਨੁਰਾਗ ਰਤਿ ਸਥਾਈ ਭਾਵ ਹੈ। ਰਤਿ ਦੀ ਅਵਸਥਾ ਨਾਲ ਮਨੁੱਖ ਸਰੀਰਕ ਤੇ ਮਾਨਸਿਕ ਪੱਖੋਂ ਵੀ ਮੁਕਤ ਹੋ ਜਾਂਦਾ ਹੈ।

II **ਹਾਸਯ:** 'ਹਾਸ' ਦਾ ਅਰਥ ਹੈ ਅਨੰਦ, ਖੇੜਾ, ਬੇਢਬੇ, ਬਸਤ੍ਰਾਂ, ਬੇਹੂਦਾ ਬੋਲਾਂ ਜਾਂ ਅਸੰਗਤ ਹਾਵਾਂ-ਭਾਵਾਂ ਨੂੰ ਦੇਖਕੇ

ਹਿਰਦੇ ਦੇ ਖਿੜਨ ਜਾਂ ਆਨੰਦਿਤ ਹੋਣ ਕਾਰਨ ਹਮੇਸ਼ਾ 'ਹਾਸ' ਸਥਾਈ ਭਾਵ ਅਖਵਾਉਂਦਾ ਹੈ।

III **ਸ਼ੋਕ:** 'ਸ਼ੋਕ' ਦਾ ਅਰਥ ਹੈ ਵਿਆਕੁਲਤਾ ਜਾਂ ਦੁੱਖ। ਭਰਤਮੁਨੀ ਅਨੁਸਾਰ ਇਸ਼ਟ ਜਨ ਦੇ ਵਿਯੋਗ, ਧਨ ਜਾਂ ਵੈਭਵ ਦੇ ਨਾਸ਼, ਪ੍ਰਿਯ ਵਿਅਕਤੀ ਦੀ ਮ੍ਰਿਤੂ ਜਾਂ ਪ੍ਰਿਯਜਨ ਦੇ ਕੈਦ ਹੋਣ ਤੇ ਪੈਦਾ ਹੋਣ ਵਾਲੇ ਦੁੱਖ ਨੂੰ 'ਸ਼ੋਕ' ਕਹਿੰਦੇ ਹਨ।

IV **ਕ੍ਰੋਧ:** 'ਕ੍ਰੋਧ' ਦਾ ਅਰਥ ਹੈ ਗੁੱਸਾ। ਆਪਣੇ ਪ੍ਰਿਯ ਵਿਅਕਤੀ ਜਾਂ ਵਿਸ਼ੇ ਪ੍ਰਤਿ ਕਿਸੇ ਹੋਰ ਦੁਆਰਾ ਅਪਰਾਧ ਜਾਂ ਅਪਮਾਨ ਕੀਤੇ ਜਾਣ ਕਰਕੇ ਹਿਰਦੇ ਵਿਚ ਪੈਦਾ ਹੋਏ ਉਤੇਜਨਾ-ਪੂਰਨ ਭਾਵ ਨੂੰ 'ਕ੍ਰੋਧ' ਸਥਾਈ ਭਾਵ ਕਿਹਾ ਜਾਂਦਾ ਹੈ।

V **ਉਤਸ਼ਾਹ:** 'ਉਤਸ਼ਾਹ' ਦਾ ਅਰਥ ਹੈ ਉਮੰਗ। ਕਿਸੇ ਚੰਗੇ ਜਾਂ ਸ੍ਰੇਸ਼ਠ ਕਾਰਜ ਦੀ ਪੂਰਨਤਾ ਲਈ ਦਾਨ, ਦਯਾ, ਪਰਾਕ੍ਰਮ ਆਦਿ ਦੇ ਰੂਪ ਵਿਚ ਮਨ ਦੀ ਉੱਤਰੋਤਰ ਵਧਾਈ ਹੋਈ ਉਮੰਗ ਨੂੰ 'ਉਤਸ਼ਾਹ' ਕਿਹਾ ਜਾਂਦਾ ਹੈ।

VI **ਭੈ:** ਭੈ ਦਾ ਅਰਥ ਹੈ ਖੌਫ਼ ਜਾਂ ਡਰ। ਕਿਸੇ ਅਜਿਹੀ ਵਸਤੂ, ਜੰਤੂ ਆਦਿ ਨੂੰ ਵੇਖ ਕੇ ਜਾਂ ਕਿਸੇ ਭਿਆਨਕ ਅਵਾਜ਼ ਨੂੰ ਸੁਣ ਕੇ ਜਿਸ ਤੋਂ ਕਿਸੇ ਅਨਰਥ ਦੀ ਸ਼ੰਕਾ ਹੋਵੇ ਮਨ ਵਿਚ ਪੈਦਾ ਹੋਣ ਵਾਲੀ ਘਬਰਾਹਟ ਜਾਂ ਖੌਫ ਨੂੰ 'ਭੈ' ਸਥਾਈ ਭਾਵ ਕਿਹਾ ਜਾਂਦਾ ਹੈ।

VII **ਜੁਗੁਪਸਾ:** 'ਜੁਗੁਪਸਾ' ਦਾ ਅਰਥ ਹੈ ਘਿਰਨਾ। ਕਿਸੇ ਕੁਰੂਪ, ਘਟੀਆ ਜਾਂ ਘਿਨੌਣੀ ਵਸਤੂ, ਵਿਅਕਤੀ ਜਾਂ ਵਿਸ਼ੇ ਨੂੰ ਵੇਖ ਜਾਂ ਸੁਣ ਕੇ ਮਨ ਵਿਚ ਪੈਦਾ ਹੋਣ ਵਾਲੀ ਘਿਰਨਾ ਦੇ ਭਾਵ ਨੂੰ 'ਜੁਗੁਪਸਾ' ਸਥਾਈ ਭਾਵ ਕਿਹਾ ਜਾਂਦਾ ਹੈ।

**VIII ਵਿਸਮਯ:** 'ਵਿਸਮਯ' ਦਾ ਅਰਥ ਹੈ ਅਸਚਰਜ। ਕਿਸੇ ਅਸਾਧਾਰਣ ਜਾਂ ਅਲੌਕਿਕ ਗੱਲ ਦੇ ਸੁਣਨ ਜਾਂ ਵਸਤੂ ਦੇ ਵੇਖਣ ਨਾਲ ਜੋ ਅਸਚਰਜ ਹੁੰਦਾ ਹੈ, ਉਸ ਨੂੰ 'ਵਿਸਮਯ' ਸਥਾਈ ਭਾਵ ਦਾ ਨਾਂ ਦਿੱਤਾ ਜਾਂਦਾ ਹੈ।

**IX ਨਿਰਵੇਦ:** 'ਨਿਰਵੇਦ' ਦਾ ਅਰਥ ਹੈ ਵੈਰਾਗ। ਸੰਸਾਰਿਕ ਨਾਸ਼ਮਾਨਤਾ ਜਾਂ ਅਨਿਤਤਾ ਨੂੰ ਵੇਖ ਜਾਂ ਜਾਣ ਕੇ ਮਨ ਵਿਚ ਪੈਦਾ ਹੋਣ ਵਾਲੇ ਸੰਸਾਰਿਕ ਪਦਾਰਥਾਂ ਪ੍ਰਤਿ ਵੈਰਾਗ ਦੇ ਭਾਵ ਨੂੰ 'ਨਿਰਵੇਦ' ਕਿਹਾ ਜਾਂਦਾ ਹੈ।

**X ਵਾਤਸਲ੍ਯ:** 'ਵਾਤਸਲ੍ਯ' ਦਾ ਅਰਥ ਹੈ ਪ੍ਰੇਮ ਜਾਂ ਸਨੇਹ। ਛੋਟੀ ਉਮਰ ਦੇ ਬੱਚਿਆਂ ਦੇ ਸਹਿਜ ਵਿਵਹਾਰ ਕਰਕੇ ਉਨ੍ਹਾਂ ਪ੍ਰਤਿ ਮਾਤਾ-ਪਿਤਾ ਜਾਂ ਹੋਰ ਬਜ਼ੁਰਗਾਂ ਦੇ ਮਨ ਵਿਚ ਪੈਦਾ ਹੋਣ ਵਾਲਾ ਸਨੇਹ ਵਾਤਸਲ੍ਯ ਸਥਾਈ ਭਾਵ ਹੈ।